ਦੇਸ਼ ਸੇਵਕ, ਚੰਡੀਗੜ੍ਹ, ਐਤਵਾਰ 23 ਅਪ੍ਰੈਲ, 2000

ਇਹ ਫ਼ਿਕਰ ਸਾਡਾ ਹੈ

ਵਿਚਾਰ-ਚਰਚਾ



ਗੁਰਸ਼ਰਨ ਸਿੰਘ

ਪੰਜਾਬ ਦੇ ਸਰਕਾਰੀ ਸਕੂਲਾਂ ਵਿਚ ਵਿਦਿਆ ਦਾ ਪ੍ਰਬੰਧ ਢਹਿ-ਢੇਰੀ ਹੋ ਗਿਆ ਹੈ। ਨਕਲ ਤੋਂ ਲੈ ਕੇ ਹੋਰ ਸਾਰੀਆਂ ਕਦਰਾਂ-ਕੀਮਤਾਂ ਜਿਹੜੀਆਂ ਵਿਦਿਆ ਦੇ ਅਮਲ ਨਾਲ ਜੁੜਦੀਆਂ ਹਨ, ਉਨ੍ਹਾਂ ਦਾ ਨਿਘਾਰ ਸਮਾਜ ਵਿਚ ਆਮ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਵਿੱਦਿਆ ਪ੍ਰਬੰਧ ਦੇ ਨਿਘਾਰ ਨਾਲ ਨੁਕਸਾਨ ਕਿਸਦਾ ਹੋ ਰਿਹਾ ਹੈ? ਇਹਦੇ ਬਾਰੇ ਸੋਚਣਾ ਬਣਦਾ ਹੈ। ਇਹ ਸੋਚਣਾ ਇਸ ਕਰਕੇ ਵੀ ਬਣਦਾ ਹੈ, ਕਿਉਂਕਿ ਅਧਿਆਪਕ ਵਰਗ ਦਾ ਚੇਤਨ ਹਿੱਸਾ ਕਿਸੇ ਨਾ ਕਿਸੇ ਖੱਬੀ ਸੋਚ ਵਾਲੀ ਧਿਰ ਨਾਲ ਜੁੜਿਆ ਹੋਇਆ ਹੈ, ਭਾਵੇਂ ਉਹ ਗੌਰਮਿੰਟ ਟੀਚਰਜ਼ ਯੂਨੀਅਨ ਹੋਵੇ ਜਾਂ ਡੈਮੋਕਰੇਟਿਕ ਟੀਚਰਜ਼ ਫਰੰਟ ਹੋਵੇ।

ਤਨਖਾਹਾਂ ਜਾਂ ਵਧਦੀ ਮਹਿੰਗਾਈ ਦੇ ਲਿਹਾਜ ਨਾਲ ਅਧਿਆਪਕ ਵਰਗ ਵੀ ਉਸੇ ਤਰ੍ਹਾਂ ਤਕਲੀਫ਼ ਉਠਾ ਰਿਹਾ ਹੈ ਜਾਂ ਉਠਾਏਗਾ, ਜਿਸ ਤਰ੍ਹਾਂ ਸਮਾਜ ਦਾ ਹੋਰ ਮਿਹਨਤਕਸ਼ ਵਰਗ ਉਠਾ ਰਿਹਾ ਹੈ ਜਾਂ ਉਠਾਏਗਾ। ਨਿੱਜੀਕਰਨ ਦਾ ਸ਼ਿਕਾਰ ਅਧਿਆਪਕ ਵਰਗ ਵੀ ਉਸੇ ਸ਼ਿੱਦਤ ਨਾਲ ਹੋਵੇਗਾ, ਜਿਸ ਤਰ੍ਹਾਂ ਰੋਡਵੇਜ਼ ਦਾ ਮੁਲਾਜ਼ਮ ਜਾਂ ਬਿਜਲੀ ਬੋਰਡ ਦਾ ਮੁਲਾਜ਼ਮ ਹੋਵੇਗਾ। ਮੁਨਾਫ਼ੇ ਦੇ ਦੁਆਲੇ ਘੁੰਮਦੀ ਗ਼ਰੀਬ-ਦੁਸ਼ਮਣ ਸਰਮਾਏਦਾਰੀ ਤਰਜ਼ ਦੀ ਆਰਥਿਕਤਾ ਹੁਣ ਦੇਸ਼ ਵਿਚ ਪੂਰੀ ਤਰ੍ਹਾਂ ਕਾਇਮ ਹੋ ਗਈ ਹੈ। ਸਿਆਸੀ ਲੜਾਈ ਦੀ ਰੂਪ ਰੇਖਾ ਵੀ ਪੂਰੀ ਸ਼ਿੱਦਤ ਨਾਲ ਉੱਭਰਕੇ ਸਾਹਮਣੇ ਆ ਰਹੀ ਹੈ। ਗ਼ਰੀਬਾਂ ਲਈ ਸਮਾਜਿਕ ਸਹੂਲਤਾਂ ਹੌਲੇ-ਹੌਲੇ ਖ਼ਤਮ ਹੋ ਰਹੀਆਂ ਹਨ। ਸਿਹਤ ਸਹੂਲਤਾਂ ਉੱਤੇ ਪੂਰੀ ਤਰ੍ਹਾਂ ਪ੍ਰਸ਼ਨ ਚਿੰਨ੍ਹ ਲੱਗ ਚੁੱਕਿਆ ਹੈ। ਉੱਚ ਵਿਦਿਅਕ ਸਹੂਲਤਾਂ ਵੀ ਗ਼ਰੀਬ ਬੰਦੇ ਦੀ ਪਹੁੰਚ ਤੋਂ ਬਾਹਰ ਹੋ ਰਹੀਆਂ ਹਨ। ਯੂਨੀਵਰਸਿਟੀਆਂ ਵੀ ਹੁਣ ਰੱਜੇ-ਪੁੱਜੇ ਲੋਕਾਂ ਦੇ ਬੱਚਿਆਂ ਲਈ ਹੀ ਸੀਮਤ ਹੋਣ ਨੂੰ ਜਾ ਰਹੀਆਂ ਹਨ, ਪਰ ਸਰਕਾਰੀ ਸਕੂਲਾਂ ਵਿਚ ਉਹੋ ਜਿਹਾ ਕੋਈ ਸੰਕਟ ਨਹੀਂ ਕਿ ਉਥੇ ਗਰੀਬਾਂ ਲਈ ਮੁਹੱਈਆ ਸਹੂਲਤਾਂ ਪਹੁੰਚ ਤੋਂ ਬਾਹਰ ਹੋ ਜਾਣ, ਸ਼ਰਤ ਇਹ ਹੈ ਜੇਕਰ ਅਧਿਆਪਕ ਵਰਗ ਆਪਣੇ ਫ਼ਰਜ਼ਾਂ ਬਾਰੇ ਪੂਰੀ ਚੇਤਨ ਹੋਵੇ।

ਕਿਹਾ ਜਾਂਦਾ ਹੈ ਕਿ ਅਧਿਆਪਕ ਵਰਗ ਵੀ ਸਮਾਜ ਦਾ ਇੱਕ ਹਿਸਾ ਹੈ। ਜੇ ਸਮੁੱਚਾ ਸਮਾਜ ਸੰਕਟ ਵਿਚ ਹੈ ਤਾਂ ਅਧਿਆਪਕ ਵਰਗ ਜਾਂ ਸਕੂਲੀ ਪੜ੍ਹਾਈ ਕਿਉਂ ਸੰਕਟ ਵਿਚ ਨਹੀਂ ਹੋਵੇਗੀ? ਇਹ ਸਵਾਲ ਜ਼ਿੰਮੇਵਾਰੀਆਂ ਤੋਂ ਨਸਣ ਵਾਲੀ ਗੱਲ ਹੈ। ਹਰ ਪਿੰਡ ਵਿਚ ਪ੍ਰਾਇਮਰੀ, ਮਿਡਲ ਜਾਂ ਹਾਈ ਸਕੂਲ ਹੈ।

ਇਥੇ ਸਾਧਾਰਨ ਲੋਕਾਂ ਦੇ ਬੱਚੇ ਪੜ੍ਹਦੇ ਹਨ। ਅਧਿਆਪਕ ਜੇਕਰ ਆਪਣੇ ਫ਼ਰਜ਼ਾਂ ਬਾਰੇ ਚੇਤਨ ਹੋਣ ਤਾਂ ਕਿਉਂ ਨਹੀਂ ਪੜ੍ਹਾ ਸਕਦੇ ?ਸਰਕਾਰੀ ਸਕੂਲਾਂ ਵਿਚ ਜਾਂ ਹੋਰ ਸੰਸਥਾਵਾਂ ਵੱਲੋਂ ਚਲਾਏ ਜਾਂਦੇ ਸਕੂਲਾਂ ਵਿਚੋਂ ਪੜ੍ਹੇ ਹੋਏ ਬੱਚੇ, ਚੰਗੇ ਅਧਿਆਪਕਾਂ ਦੇ ਅਸਰ ਨੂੰ ਕਬੂਲਦੇ ਹੋਏ ਲਾਇਕ ਬੱਚੇ ਉੱਚੀਆਂ ਤੋਂ ਉੱਚੀਆਂ ਪਦਵੀਆਂ 'ਤੇ ਪੁੱਜੇ ਹੋਏ ਹਨ ਤੇ ਉੱਪਰ ਦੀ ਉਮਰ ਵਾਲੇ ਕਿਸੇ ਵੀ ਉੱਚ ਪਦਵੀ 'ਤੇ ਬੈਠੇ ਵਿਅਕਤੀ ਦਾ ਵਿੱਦਿਅਕ ਇਤਿਹਾਸ ਘੋਖਿਆ ਜਾਏ ਤਾਂ ਉਹ ਸਾਧਾਰਨ ਸਕੂਲ ਵਿਚ ਹੀ ਪੜ੍ਹਿਆ ਹੋਵੇਗਾ। ਉਹਦੇ ਕੋਲ ਆਪਣੇ ਅਧਿਆਪਕਾਂ ਦੀਆਂ ਬੜੀਆਂ ਸਤਿਕਾਰਯੋਗ ਯਾਦਾਂ ਸਾਂਭੀਆਂ ਹੋਈਆਂ ਹਨ। ਅਧਿਆਪਕਾਂ ਦਾ ਸਤਿਕਾਰ ਸਮਾਜ ਦੀਆਂ ਜਾਣੀਆਂ-ਪਛਾਣੀਆਂ ਚੰਗੀਆਂ ਕਦਰਾਂ-ਕੀਮਤਾਂ ਦਾ ਇਕ ਅੰਗ ਸੀ। ਹੁਣ ਜਦੋਂ ਵਿੱਦਿਆ ਪ੍ਰਬੰਧ ਢਹਿ-ਢੇਰੀ ਹੋਇਆ ਹੈ ਤਾਂ ਇਹ ਸਪੱਸ਼ਟ ਹੈ ਕਿ ਨੁਕਸਾਨ ਸਾਧਾਰਨ ਗ਼ਰੀਬਾਂ ਦੇ ਬੱਚਿਆਂ ਨੂੰ ਹੀ ਹੋਇਆ ਹੈ।

ਇਹ ਨੁਕਸਾਨ ਪ੍ਰੋਲਤਾਰੀ ਵਰਗ ਦੇ ਬੱਚਿਆਂ ਦਾ ਹੈ। ਰੱਜੇ-ਪੁੱਜੇ ਲੋਕ ਤਾਂ ਆਪਣੇ ਬੱਚਿਆਂ ਨੂੰ ਪਬਲਿਕ ਸਕੂਲਾਂ ਵਿਚ ਭੇਜ ਰਹੇ ਹਨ। ਬੱਸਾਂ, ਟੈਂਪੂ ਜਾਂ ਹੋਰ ਟਰਾਂਸਪੋਰਟ ਸਹੂਲਤਾਂ ਬੱਚਿਆਂ ਨੂੰ ਇਕ ਪਬਲਿਕ ਸਕੂਲ ਵਿਚ ਪੁਚਾ ਰਹੀਆਂ ਹਨ। ਇਹ ਕਹਿ ਕੇ ਗੱਲ ਟਾਲੀ ਨਹੀਂ ਜਾ ਸਕਦੀ ਕਿ ਸਾਰੇ ਪਬਲਿਕ ਸਕੂਲ ਦੁਕਾਨਾਂ ਹਨ। ਦੁਕਾਨਾਂ ਹਨ, ਤਾਂ ਵੀ ਦੁਕਾਨ ਚੰਗੀ ਚਲਾਉਣ ਲਈ ਚੰਗਾ ਸੌਦਾ ਰੱਖਣਾ ਪੈਂਦਾ ਹੈ। ਪਬਲਿਕ ਸਕੂਲਾਂ ਵਿਚ ਪੜ੍ਹਾਈ ਦਾ ਮਿਆਰ ਰੱਖਿਆ ਜਾਂਦਾ ਹੈ ਤਾਂ ਜੋ ਮਾਪੇ ਆਪਣੇ ਬੱਚਿਆਂ ਨੂੰ ਉਨ੍ਹਾਂ ਦੇ ਸਕੂਲ ਵਿਚ ਦਾਖ਼ਲ ਕਰਵਾਉਣ। ਮੈਨੂੰ ਆਪਣੀਆਂ ਨਾਟਕ ਸਰਗਰਮੀਆਂ ਦੇ ਸਿਲਸਿਲੇ ਵਿਚ ਕਈ ਪਬਲਿਕ ਸਕੂਲਾਂ ਵਿਚ ਜਾਣ ਦਾ ਮੌਕਾ ਮਿਲਦਾ ਰਹਿੰਦਾ ਹੈ। ਸਫ਼ਾਈ, ਸਕੂਲਾਂ ਦੇ ਵਿਹੜਿਆਂ ਦੀ ਸਜਾਵਟ ਅਤੇ ਹੋਰ ਡਿਸਪਲਨ ਆਦਿ ਕੇ ਲਿਹਾਜ ਨਾਲ ਪਬਲਿਕ ਸਕੂਲ ਕਮਾਲ ਦੀਆਂ ਸਹੂਲਤਾਂ ਮੁਹੱਈਆ ਕਰਦੇ ਹਨ। ਸਕੂਲ ਨੂੰ ਚਲਾਉਣ ਵਾਲਾ ਮੁਖੀ (ਸਕੂਲ ਉਹਦੀ ਨਿੱਜੀ ਮਲਕੀਅਤ ਹੈ) ਸਹੂਲਤਾਂ ਵੱਲ ਧਿਆਨ ਦੇਂਦਾ ਹੈ। ਬੱਚਿਆਂ ਦੇ ਮਾਪੇ ਮੁੱਲ ਤਾਰਦੇ ਹਨ। ਔਰਤ ਅਧਿਆਪਕਾਵਾਂ ਦਾ ਸੋਸ਼ਣ ਵੀ ਹੈ। ਇਹ ਇਕ ਵੱਖਰਾ ਵਿਸ਼ਾ ਹੈ। ਪਰ ਬੱਚਿਆਂ ਨੂੰ ਪੜ੍ਹਾਈ ਦਿੱਤੀ ਜਾਂਦੀ ਹੈ। ਸਰਕਾਰੀ ਅਤੇ ਹੋਰ ਸੰਸਥਾਗਤ ਸਕੂਲਾਂ ਵਿਚ ਵੀ ਅੱਗੇ ਸਭ ਕੁੱਝ ਹੁੰਦਾ ਸੀ। (ਹੁਣ ਵੀ ਬਹੁਤ ਸਾਰੇ ਸਕੂਲਾਂ ਵਿਚ ਕਾਇਮ ਹੈ, ਜਿੱਥੇ ਮੁਖੀ ਸੁਲਝਿਆ ਹੋਇਆ ਵਿਅਕਤੀ ਹੈ)। ਮੈਂ ਨਿੱਜੀ ਮਿਸਾਲ ਲਵਾਂ ਤਾਂ ਮੈਂ ਆਪ 1945 ਵਿਚ ਖਾਲਸਾ ਕਾਲਜੀਏਟ ਸਕੂਲ ਅੰਮ੍ਰਿਤਸਰ ਤੋਂ ਮੈਟ੍ਰਿਕ ਕੀਤੀ ਹੈ। ਹੈੱਡਮਾਸਟਰ ਸ੍ਰ. ਭਗਤ ਸਿੰਘ ਸਨ। ਮੈਂ ਪੂਰੀ ਤਰ੍ਹਾਂ ਕਹਿ ਸਕਦਾ ਹਾਂ ਕਿ ਮੇਰੇ ਸਾਰੇ ਅਧਿਆਪਕ ਆਪਣੇ ਫ਼ਰਜ਼ਾਂ ਬਾਰੇ ਇਕ-ਦੂਜੇ ਤੋਂ ਵੱਧ ਚੇਤਨ ਸਨ। ਸਾਡੇ ਡਰਾਇੰਗ ਅਧਿਆਪਕ ਮਾਸਟਰ ਕਿਹਰ ਸਿੰਘ ਜੀ ਇਕ ਆਦਰਸ਼ ਸ਼ਖ਼ਸੀਅਤ ਸਨ। ਜ਼ਿੰਦਗੀ ਦਾ ਬਹੁਤ ਕੁੱਝ ਚੰਗਾ ਉਨ੍ਹਾਂ ਕੋਲੋਂ ਸਿੱਖਿਆ ਹੈ। (ਹੁਣੇ ਹੁਣੇ ਪਤਾ ਲੱਗਾ ਹੈ ਕਿ ਡਰਾਇੰਗ ਵਰਗਾ ਸੰਵੇਦਨਸ਼ੀਲ ਵਿਸ਼ਾ ਸਕੂਲਾਂ ਵਿਚ ਬੰਦ ਕੀਤਾ ਜਾ ਰਿਹਾ ਹੈ। ਕਿੱਡੀ ਵੱਡੀ ਤ੍ਰਾਸਦੀ ਹੈ!)

ਹੁਣ ਵੀ ਯਕੀਨ ਨਾਲ ਕਿਹਾ ਜਾ ਸਕਦਾ ਹੈ ਕਿ ਸਰਕਾਰੀ ਸਕੂਲਾਂ, ਖਾਲਸਾ ਸਕੂਲ, ਡੀ. ਏ. ਵੀ. ਸਕੂਲ ਸਨਾਤਨ ਧਰਮ ਸਕੂਲ ਵਿਦਿਆ ਦਾ ਮਿਆਰ ਅਤੇ ਵਿਦਿਆ ਨਾਲ ਜੁੜਦੇ ਡਿਸਪਲਨ ਨੂੰ ਪੂਰੀ ਤਰ੍ਹਾਂ ਕਾਇਮ ਰੱਖ ਸਕਦੇ ਹਨ। ਬਹੁਤ ਸਾਰੇ ਰੱਖਦੇ ਵੀ ਹਨ। ਇਹ ਸਕੂਲ ਗ਼ਰੀਬਾਂ ਦੇ ਬੱਚਿਆਂ ਲਈ ਨਿਆਮਤ ਹਨ। ਹੋਰ ਭਾਵੇਂ ਸਭ ਕੁੱਝ ਕਾਬੂ ਤੋਂ ਬਾਹਰ ਹੁੰਦਾ ਜਾ ਰਿਹਾ ਹੈ, ਪਰ ਵਿੱਦਿਆ ਨੂੰ ਸਾਂਭਿਆ ਜਾ ਸਕਦਾ ਹੈ, ਜੇਕਰ ਅਧਿਆਪਕ ਵਰਗ ਇਸ ਬਾਰੇ ਚੇਤਨ ਹੋਵੇ।

ਅਧਿਆਪਕ ਯੂਨੀਅਨ ਲਈ ਹੋਰ ਸਾਰੇ ਏਜੰਡਿਆਂ ਨਾਲ ਵਿਦਿਆ ਦੀ ਪਹਿਰੇਦਾਰੀ ਕਰਨੀ ਜ਼ਰੂਰੀਹੈ। ਸਭ ਕੁੱਝ ਜੋ ਗ਼ਲਤ ਹੈ, ਵਿਦਿਆ ਨੂੰ ਉਸ ਤੋਂ ਬਚਾਉਣਾ ਹੈ। ਇਹ ਗ਼ਰੀਬਾਂ ਲਈ ਬਚਾਉਣਾ ਹੈ। ਇਹ ਗ਼ਰੀਬਾਂ ਦੀ ਸੇਵਾ ਹੋਵੇਗੀ। ਤਨਖ਼ਾਹਾਂ ਲਈ ਮਹਿੰਗਾਈ ਭੱਤਿਆਂ ਦੀ ਮੰਗ ਲਈ ਸੰਘਰਸ਼ ਇਕ ਮੁੱਦਾ ਜ਼ਰੂਰ ਹੈ। ਪਰ ਗ਼ਰੀਬਾਂ ਦੇ ਬੱਚੇ ਪੜ੍ਹਾਈ ਵੱਲੋਂ ਅਨਾਥ ਨਾ ਕੀਤੇ ਜਾਣ, ਇਹ ਇਕ ਬੜਾ ਹੀ ਵੱਡਾ ਮੁੱਦਾ ਹੈ। ਚੇਤਨ ਅਧਿਆਪਕ ਵਰਗ ਲਈ ਇਹ ਚੁਣੌਤੀ ਸਵੀਕਾਰ ਕਰਨੀ ਬਣਦੀ ਹੈ। ਇਹ ਸਮੇਂ ਦੀ ਲੋੜ ਹੈ।